pstcl
PUNJAB STATE TRANSMISSION CORPORATION LIMITED
PUNJAB STATE TRANSMISSION CORPORATION LIMITED
(A Punjab Govt. Undertaking)
(Regd. Office : PSEB Head Office, The Mall, Patiala – 147001, Punjab,India)
Corporate Identity Number : U40109PB2010SGC033814
(O/o SE/Store & Disposal, General Section, Shakti Sadan, PSTCL, Patiala)
(E-mail: se-stores-pta@pstcl.org,dy-secy-g@pstcl.org, Mob. 96461-17993,96461-18809)

**ਕੋਰਟ ਕੇਸ**
**ਸਮਾਂ-ਬੱਧ**
**ਅਤਿ ਜਰੂਰੀ**

ਵੱਲ:

1. ਪ੍ਰਮੁੱਖ ਇੰਜੀ:/ ਪੀ ਅਤੇ ਐਮ, ਪੀ.ਐਸ.ਟੀ.ਸੀ.ਐਲ.,ਲੁਧਿਆਣਾ।
2. ਮੁੱਖ ਇੰਜੀ:/ ਟੀ.ਐਸ., ਪੀ.ਐਸ.ਟੀ.ਸੀ.ਐਲ.,ਪਟਿਆਲਾ।
3. ਮੁੱਖ ਇੰਜੀ:/ ਐਸ.ਐਲ.ਡੀ.ਸੀ., ਪੀ.ਐਸ.ਟੀ.ਸੀ.ਐਲ., ਅਬਲੋਵਾਲ, ਪਟਿਆਲਾ।
4. ਮੁੱਖ ਲੇਖਾ ਅਫਸਰ (ਐਫ.ਐਂਡ ਏ.), ਪੀ.ਐਸ.ਟੀ.ਸੀ.ਐਲ.,ਪਟਿਆਲਾ।

ਮੀਮੋ ਨੰ- 4364/67 ਮਿਤੀ- ੨੫/੫/੨੫

**ਵਿਸ਼ਾ:** **SLP (Civil) Dairy No. 17377/2023 titled as PSPCL V/s Raj Rani and Ors. Along with other connected SLPs in Part Time Sweepers case. (Regarding regularization of Part Time Workers services in view of the policy dated 04.03.1999).**

**ਹਵਾਲਾ: ਇਸ ਦਫਤਰ ਦਾ ਮੀਮੋ ਨੰ. 4036/40 ਮਿਤੀ 15.04.2024.**

ਉਪਰੋਕਤ ਵਿਸ਼ੇ ਅਤੇ ਹਵਾਲੇ ਦੇ ਸਬੰਧ ਵਿੱਚ ਲਿਖਿਆ ਜਾਂਦਾ ਹੈ ਕਿ ਮੁੱਖ ਇੰਜੀ:/ ਸਿਵਲ ਡਿਜਾਇਨ ਤੇ ਉਸਾਰੀ, ਪੀ.ਐਸ.ਪੀ.ਸੀ.ਐਲ.,ਪਟਿਆਲਾ ਵਲੋਂ ਮੀਮੋ ਨੰ. 328/438 ਮਿਤੀ 12.04.2024 ਅਤੇ ਮੀਮੋ ਨੰ. 466/565 ਮਿਤੀ 24.04.2024 (ਕਾਪੀ ਨੱਥੀ) ਰਾਹੀਂ ਲਿਖਿਆ ਗਿਆ ਹੈ ਕਿ ਜਿਹੜੇ ਪਾਰਟ ਟਾਇਮ ਕਾਮੇ ਮਿਤੀ 10.04.2006 ਤੱਕ 10 ਸਾਲ ਦੀ ਸੇਵਾ ਪੂਰੀ ਕਰਦੇ ਹਨ ਅਤੇ ਜਿਹਨਾਂ ਦਾ ਡਾਟਾ ਪਹਿਲਾਂ ਭੇਜਣ ਤੋਂ ਰਹਿ ਗਿਆ ਸੀ, ਉਹਨਾਂ ਦੇ ਸੇਵਾ ਵੇਰਵੇ ਸਕਰੀਨਿੰਗ ਕਮੇਟੀ ਵਲੋਂ ਨਿਰਧਾਰਤ ਪ੍ਰੋਫਾਰਮੇ ਤੇ ਸਮੇਤ ਵਿਭਾਗੀ ਮੁੱਖੀਆਂ ਦੀਆਂ ਸਿਫਾਰਸ਼ਾਂ ਸਹਿਤ ਜਲਦ ਤੋਂ ਜਲਦ ਭੇਜੇ ਜਾਣ ਤਾਂ ਜੋ ਇਸ ਸਬੰਧੀ ਅਗਲੇਰੀ ਕਾਰਵਾਈ ਕੀਤੀ ਜਾ ਸਕੇ ਅਤੇ ਕਿਸੇ ਵੀ ਕਾਨੂੰਨੀ ਅੜਚਣ ਤੋਂ ਬਚਿਆ ਜਾ ਸਕੇ। ਜੇਕਰ ਕਿਸੇ ਸੰਸਥਾ ਅਧੀਨ ਕੋਈ ਵੀ ਪਾਰਟ ਟਾਈਮ ਕਾਮਾ ਤੈਨਾਤ ਨਹੀਂ ਹੈ ਤਾਂ ਨਿੱਲ ਸੂਚਨਾ ਭੇਜਣੀ ਯਕੀਨੀ ਬਣਾਈ ਜਾਵੇ।

ਇਸ ਤੋਂ ਇਲਾਵਾ ਸੇਵਾ ਵੇਰਵੇ ਭੇਜਦੇ ਸਮੇਂ ਵਿਭਾਗੀ ਮੁੱਖੀਆਂ ਵਲੋਂ ਤਸਦੀਕ ਕੀਤਾ ਜਾਵੇ ਕਿ ਉਹਨਾਂ ਦੀ ਸੰਸਥਾ ਅਧੀਨ ਮਿਤੀ 10.04.2006 ਤੱਕ 10 ਸਾਲ ਦੀ ਸੇਵਾ ਪੂਰੀ ਕਰਨ ਵਾਲੇ ਸਾਰੇ ਕਾਮਿਆਂ ਦੇ ਵੇਰਵੇ ਭੇਜ ਦਿੱਤੇ ਗਏ ਹਨ।

**ਮਾਮਲਾ ਅਤਿ ਜਰੂਰੀ ਹੈ।**

ਨੱਥੀ- ਉਪਰੋਕਤ ਅਨੁਸਾਰ।

ਉੱਪ ਮੁੱਖ ਇੰਜੀ:/ ਐਸ ਤੇ ਡੀ.
ਪੀ.ਐਸ.ਟੀ.ਸੀ.ਐਲ., ਪਟਿਆਲਾ।

ਸੀ.ਸੀ.-

1. ਪ੍ਰਮੁੱਖ ਇੰਜੀ:/ ਐਚ.ਆਈ.ਐਸ ਤੇ ਡੀ, ਪੀ.ਐਸ.ਟੀ.ਸੀ.ਐਲ., ਪਟਿਆਲਾ।
2. ਉੱਪ ਮੁੱਖ ਇੰਜੀ:/ ਐਚ.ਆਰ ਤੇ ਪ੍ਰਬੰਧਕੀ, ਪੀ.ਐਸ.ਟੀ.ਸੀ.ਐਲ., ਪਟਿਆਲਾ।
3. ਉੱਪ ਮੁੱਖ ਇੰਜੀ:/ ਆਈ.ਟੀ., ਪੀ.ਐਸ.ਟੀ.ਸੀ.ਐਲ., ਪਟਿਆਲਾ।
4. ਨਿਗਰਾਨ ਇੰਜੀ:/ ਟੈਕਨੀਕਲ ਆਡਿਟ, ਪੀ.ਐਸ.ਟੀ.ਸੀ.ਐਲ., ਪਟਿਆਲਾ।
5. ਕੰਪਨੀ ਸੈਕਟਰੀ, ਪੀ.ਐਸ.ਟੀ.ਸੀ.ਐਲ., ਪਟਿਆਲਾ।

**Punjab State Power Corporation Limited**
**(OFFICE OF CHIEF ENGINEER /Civil Design & Const, Shed No: E-4, SHAKTI VIHAR, PATIALA)**
**Tele: 0175-2920275 Email: *ce-civil-design@pspcl.in***

ਵੱਲ **Through Website only**

| |
|---|
| ਕੋਰਟ ਕੇਸ |
| ਸਮਾਂ ਬੱਧ |
| ਅਤਿ ਜਰੂਰੀ |

1. ਡੀ.ਜੀ.ਪੀ./ਵੀ ਤੇ ਐਸ., ਪੀ.ਐਸ.ਪੀ.ਸੀ.ਐਲ., ਪਟਿਆਲਾ।
2. ਸਾਰੇ ਜਨਰਲ ਮੈਨੇਜਰ/ਇੰਜ:ਇੰਨ:ਚੀਫ/ਮੁੱਖ ਇੰਜ:/ਪੀ.ਐਸ.ਪੀ.ਸੀ.ਐਲ./ ਪੀ.ਐਸ.ਟੀ.ਸੀ.ਐਲ.
3. ਮੁੱਖ ਵਿੱਤੀ ਅਫਸਰ, ਮੁੱਖ ਆਡੀਟਰ, ਮੁੱਖ ਲੇਖਾ ਅਫਸਰ (ਮਾਲ), ਵਿੱਚ ਸਲਾਹਕਾਰ ਕਾਸਟ ਕੰਟਰੋਲਰ, ਪੀ.ਐਸ.ਪੀ.ਸੀ.ਐਲ./ ਪੀ.ਐਸ.ਟੀ.ਸੀ.ਐਲ./ਸਾਰੇ ਬਰਾਬਰ ਦੇ ਅਧਿਕਾਰੀ
4. ਸਾਰੇ ਉਪ ਮੁਖ ਇੰਜ:/ਨਿਗਰਾਨ ਇੰਜ:, ਪੀ.ਐਸ.ਪੀ.ਸੀ.ਐਲ./ਪੀ.ਐਸ.ਟੀ.ਸੀ.ਐਲ.
5. ਲੀਗਲ ਐਡਵਾਈਜ਼ਰ, ਪੀ.ਐਸ.ਪੀ.ਸੀ.ਐਲ., ਪਟਿਆਲਾ।
6. ਸਾਰੇ ਵਧੀਕ ਨਿਗ:ਇੰਜ:/ਸੀਨੀ.ਕਾ.ਕਾ.ਇੰਜ:, ਪੀ.ਐਸ.ਪੀ.ਸੀ.ਐਲ./ਪੀ.ਐਸ.ਟੀ.ਸੀ.ਐਲ.
7. ਸਾਰੇ ਸੰਯੁਕਤ ਸਕੱਤਰ/ਉਪ ਸਕੱਤਰ/ਉਪ ਮੁੱਖ ਲੇਖਾ ਅਫਸਰ ਅਤੇ ਬਰਾਬਰ ਦੇ ਅਧਿਕਾਰੀ ਪੀ.ਐਸ.ਪੀ.ਸੀ.ਐਲ./ਪੀ.ਐਸ.ਟੀ.ਸੀ.ਐਲ.
8. ਸਾਰੇ ਅਧੀਨ ਸਕੱਤਰ/ਲੇਖਾ ਅਫਸਰ/ਸਹਾ.ਕਾ.ਕਾ.ਇੰਜ./ਸਹਾ.ਇੰਜ. ਅਤੇ ਬਰਾਬਰ ਦੇ ਅਧਿਕਾਰੀ ਪੀ.ਐਸ.ਪੀ.ਸੀ.ਐਲ./ਪੀ.ਐਸ.ਟੀ.ਸੀ.ਐਲ.

ਮੀਮ ਨੰ. 466/565 ਮਿਤੀ 24/4/24

**ਵਿਸ਼ਾ:-SLP (Civil) Diary no. 17377/2023 titled as PSPCL V/s Raj Rani & Ors. Along with other connected SLPs in Part Time Sweepers case. (Regarding regularization of Part Time Workers services in view of the policy dated 04.03.1999**

**ਹਵਾਲਾ: ਇਸ ਦਫਤਰ ਦਾ ਪੱਤਰ ਨੰ. 328/427 ਮਿਤੀ 12.04.2024.**

ਉਪਰੋਕਤ ਵਿਸ਼ੇ ਸਬੰਧੀ ਹਵਾਲੇ ਅਧੀਨ ਪੱਤਰ ਰਾਹੀਂ ਆਪ ਜੀ ਨੂੰ ਲਿਖਿਆ ਗਿਆ ਸੀ ਕਿ ਜਿਹੜੇ ਕਾਮੇ ਮਿਤੀ 10.04.2006 ਤੱਕ 10 ਸਾਲ ਦੀ ਸੇਵਾ ਪੂਰੀ ਕਰਦੇ ਹਨ, ਉਹਨਾਂ ਦੇ ਸੇਵਾ ਵੇਰਵੇ ਸਕਰੀਨਿੰਗ ਕਮੇਟੀ ਵਲੋਂ ਨਿਰਧਾਰਤ ਪ੍ਰੋਫਾਰਮੇ ਤੇ ਸਮੇਤ ਵਿਭਾਗੀ ਮੁੱਖੀਆਂ ਦੀਆਂ ਸਿਫਾਰਸ਼ਾਂ ਸਹਿਤ ਜਲਦ ਤੋਂ ਜਲਦ ਭੇਜੇ ਜਾਣ। ਪ੍ਰੰਤੂ ਹੁਣ ਤੱਕ ਕੁਝ ਦਫਤਰਾਂ ਦੀ ਸੂਚਨਾ ਹੀ ਪ੍ਰਾਪਤ ਹੋਈ ਹੈ। ਇਸ ਲਈ ਆਪ ਜੀ ਨੂੰ ਮੁੜ ਲਿਖਿਆ ਜਾਂਦਾ ਹੈ ਕਿ ਜਿਹੜੇ ਕਾਮੇ ਮਿਤੀ 10.04.2006 ਤੱਕ 10 ਸਾਲ ਦੀ ਸੇਵਾ ਪੂਰੀ ਕਰਦੇ ਹਨ, ਉਹਨਾਂ ਦੇ ਸੰਕਲਿਤ ਸੇਵਾ ਵੇਰਵੇ ਵਿਭਾਗੀ ਮੁੱਖੀ ਦੀ ਸਿਫਾਰਸ਼ ਸਹਿਤ ਮਿਤੀ 30.04.2024 ਤੱਕ ਭੇਜੇ ਜਾਣ ਤਾਂ ਜੋ ਇਸ ਸਬੰਧੀ ਅਗਲੇਰੀ ਕਾਰਵਾਈ ਕੀਤੀ ਜਾ ਸਕੇ ਅਤੇ ਕਿਸੇ ਵੀ ਕਾਨੂੰਨੀ ਅੜਚਣ ਤੋਂ ਬਚਿਆ ਜਾ ਸਕੇ। ਜੇਕਰ ਕਿਸੇ ਸੰਸਥਾ ਅਧੀਨ ਕੋਈ ਪਾਰਟ ਟਾਈਮ ਕਾਮਾ ਤੈਨਾਤ ਨਹੀਂ ਹੈ ਤਾਂ ਨਿੱਲ ਸੂਚਨਾ ਭੇਜਣੀ ਯਕੀਨੀ ਬਣਾਈ ਜਾਵੇ ਜੀ।

ਇਸ ਤੋਂ ਇਲਾਵਾ ਸੇਵਾ ਵੇਰਵੇ ਭੇਜਦੇ ਸਮੇਂ ਵਿਭਾਗੀ ਮੁੱਖੀਆਂ ਵਲੋਂ ਤਸਦੀਕ ਕੀਤਾ ਜਾਵੇ ਕਿ ਉਹਨਾਂ ਦੀ ਸੰਸਥਾ ਅਧੀਨ ਮਿਤੀ 10.04.2006 ਤੱਕ 10 ਸਾਲ ਦੀ ਸੇਵਾ ਪੂਰੀ ਕਰਨ ਵਾਲੇ ਸਾਰੇ ਕਾਮਿਆਂ ਦੇ ਵੇਰਵੇ ਭੇਜ ਦਿੱਤੇ ਗਏ ਹਨ ਜੀ।

24/4/24

ਮੁੱਖ ਇੰਜ:/ਸਿਵਲ
ਡਿਜ਼ਾਇਨ ਤੇ ਉਸਾਰੀ,
ਪੀ.ਐਸ.ਪੀ.ਸੀ.ਐਲ ਪਟਿਆਲਾ।

ਪਿੱਠ ਅੰਕਣ ਨੰ. 566 ਮਿਤੀ 24/4/24

ਉਪਰੋਕਤ ਦਾ ਉਤਾਰਾ ਮੁੱਖ ਇੰਜ./ਐਚ.ਆਰ., ਐਸ ਐਂਡ ਡੀ ਅਤੇ ਆਈ.ਟੀ., ਪੀ.ਐਸ.ਟੀ.ਸੀ.ਐਲ., ਪਟਿਆਲਾ ਜੀ ਨੂੰ ਇਸ ਦਫਤਰ ਦੇ ਪੱਤਰ ਨੰ. 428 ਮਿਤੀ 12.04.2024 ਦੀ ਲਗਾਤਾਰਤਾ ਵਿੱਚ ਭੇਜਦੇ ਹੋਏ ਲਿਖਿਆ ਜਾਂਦਾ ਹੈ ਕਿ ਆਪਣੀ ਸੰਸਥਾ ਨਾਲ ਸਬੰਧਤ ਪਾਰਟ ਟਾਈਮ ਕਾਮਿਆਂ ਦੀ ਸੰਕਲਿਤ ਸੂਚਨਾ ਸਮੇਤ ਵਿਭਾਗੀ ਮੁੱਖੀਆਂ ਦੀਆਂ ਸਿਫਾਰਸ਼ਾਂ ਸਹਿਤ ਇਸ ਦਫ਼ਤਰ ਨੂੰ ਭੇਜੀ ਜਾਵੇ ਜੀ। ਇਸ ਪੱਤਰ ਨੂੰ ਪੀ.ਐਸ.ਟੀ.ਸੀ.ਐਲ. ਦੇ ਸਮੂਹ ਦਫਤਰਾਂ ਨੂੰ ਨੋਟ ਕਰਵਾਉਣਾ ਯਕੀਨੀ ਬਣਾਇਆ ਜਾਵੇ ਅਤੇ ਇਸ ਪੱਤਰ ਨੂੰ ਪੀ.ਐਸ.ਟੀ.ਸੀ.ਐਲ. ਦੀ ਵੈਬਸਾਈਟ ਉਪਰ ਅਪਲੋਡ ਕੀਤਾ ਜਾਵੇ ਜੀ।

24/4/24

ਮੁੱਖ ਇੰਜ:/ਸਿਵਲ
ਡਿਜ਼ਾਇਨ ਤੇ ਉਸਾਰੀ,
ਪੀ.ਐਸ.ਪੀ.ਸੀ.ਐਲ ਪਟਿਆਲਾ।

ਸੀ.ਸੀ. 567/76 dt. 24/4/24

1. OSD ਟੂ ਸੀ.ਐਮ.ਡੀ. ਪੀ.ਐਸ.ਪੀ.ਸੀ.ਐਲ./ਪੀ.ਐਸ.ਟੀ.ਸੀ.ਐਲ.
2. ਉਪ ਮੁੱਖ ਇੰਜ:/ਪ੍ਰਸੋਨਲ, ਪੀ.ਐਸ.ਪੀ.ਸੀ.ਐਲ., ਪਟਿਆਲਾ।
3. ਸੀਨੀਅਰ ਪੀ.ਐਸ. ਟੂ ਡਾਇਰੈਕਟਰ ਜਨਰੇਸ਼ਨ, ਪੀ.ਐਸ.ਪੀ.ਸੀ.ਐਲ., ਪਟਿਆਲਾ।
4. ਸੀਨੀਅਰ ਪੀ.ਐਸ. ਟੂ ਡਾਇਰੈਕਟਰ ਵੰਡ, ਪੀ.ਐਸ.ਪੀ.ਸੀ.ਐਲ., ਪਟਿਆਲਾ।
5. ਸੀਨੀਅਰ ਪੀ.ਐਸ. ਟੂ ਡਾਇਰੈਕਟਰ ਐਚ.ਆਰ., ਪੀ.ਐਸ.ਪੀ.ਸੀ.ਐਲ., ਪਟਿਆਲਾ।
6. ਸੀਨੀਅਰ ਪੀ.ਐਸ. ਟੂ ਡਾਇਰੈਕਟਰ ਐਡਮਿਨ, ਪੀ.ਐਸ.ਪੀ.ਸੀ.ਐਲ., ਪਟਿਆਲਾ।
7. ਸੀਨੀਅਰ ਪੀ.ਐਸ. ਟੂ ਡਾਇਰੈਕਟਰ ਵਿੱਤ, ਪੀ.ਐਸ.ਪੀ.ਸੀ.ਐਲ., ਪਟਿਆਲਾ।
8. ਸੀਨੀਅਰ ਪੀ.ਐਸ. ਟੂ ਡਾਇਰੈਕਟਰ ਪ੍ਰਬੰਧਕੀ, ਪੀ.ਐਸ.ਟੀ.ਸੀ.ਐਲ.,ਪਟਿਆਲਾ।
9. ਸੀਨੀਅਰ ਪੀ.ਐਸ. ਟੂ ਡਾਇਰੈਕਟਰ ਤਕਨੀਕੀ, ਪੀ.ਐਸ.ਟੀ.ਸੀ.ਐਲ.,ਪਟਿਆਲਾ।
10. ਸੀਨੀਅਰ ਪੀ.ਐਸ. ਟੂ ਡਾਇਰੈਕਟਰ ਵਿੱਤ ਤੇ ਵਣਜ, ਪੀ.ਐਸ.ਟੀ.ਸੀ.ਐਲ.,ਪਟਿਆਲਾ।